## ਆਪਣੇ ਟੈਕਸ ਨੋਟਿਸ ਦੇ ਸੰਬੰਧ ਵਿੱਚ ਮਦਦ ਲਵੋ

**vancouver.ca/tax-notice**

## ਆਪਣੇ ਟੈਕਸ ਔਨਲਾਈਨ ਅਦਾ ਕਰੋ

ਅਦਾਇਗੀ ਕਰਨ ਦਾ ਸਭ ਤੋਂ ਤੇਜ਼ ਅਤੇ ਆਸਾਨ ਤਰੀਕਾ ਤੁਹਾਡੀ ਵਿੱਤੀ ਸੰਸਥਾ ਦੁਆਰਾ ਔਨਲਾਈਨ ਅਦਾਇਗੀ ਕਰਨਾ ਹੈ। ਔਨਲਾਈਨ ਖਾਤਾ ਸੈੱਟ-ਅੱਪ ਕਰੋ: **vancouver.ca/property-services**

## ਆਪਣੇ ਟੈਕਸ ਡਾਕ ਰਾਹੀਂ ਅਦਾ ਕਰੋ

ਜੇ ਡਾਕ ਦੁਆਰਾ ਭੇਜੀਆਂ ਗਈਆਂ ਟੈਕਸ ਅਦਾਇਗੀਆਂ ਦੇਰ ਨਾਲ ਆਉਂਦੀਆਂ ਹਨ, ਤਾਂ ਅਦਾ ਨਾ ਕੀਤੇ ਬਕਾਏ ‘ਤੇ 5% ਜੁਰਮਾਨਾ ਲਗਾਇਆ ਜਾਂਦਾ ਹੈ। ਕੈਨੇਡਾ ਪੋਸਟ ਦੀਆਂ ਡਾਕ ਮੁਹਰਾਂ ਸਮੇਂ ਸਿਰ ਅਦਾਇਗੀ ਦਾ ਸਬੂਤ ਨਹੀਂ ਹਨ। ਅੰਤਰਰਾਸ਼ਟਰੀ ਅਦਾਇਗੀਆਂ ਲਈ ਕੂਰੀਅਰ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਤਾਂ ਜੋ ਸਮੇਂ ਸਿਰ ਪ੍ਰਾਪਤੀ ਨੂੰ ਯਕੀਨੀ ਬਣਾਇਆ ਜਾ ਸਕੇ।

**ਡਾਕ ਪਤਾ**: City of Vancouver, Revenue Services, PO Box 7747, Vancouver, BC, V6B 8R1

**ਕੂਰੀਅਰ ਪਤਾ**: City of Vancouver, Revenue Services, 453 West 12th Avenue, Vancouver, BC, V5Y 1V4

## ਆਪਣੇ ਟੈਕਸ ਵਿਅਕਤੀਗਤ ਤੌਰ ‘ਤੇ ਅਦਾ ਕਰੋ

ਵਿਅਕਤੀਗਤ ਤੌਰ ‘ਤੇ 515 W. 10th Avenue ਵਿਖੇ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 5 ਵਜੇ ਤੱਕ।

ਤੁਸੀਂ ਆਪਣਾ ਚੈੱਕ ਦਿਨ ਦੇ 24 ਘੰਟੇ City Hall, 453 West 12th Ave (ਦੱਖਣੀ) ਪ੍ਰਵੇਸ਼ ਦੁਆਰ ‘ਤੇ ਮੇਲ ਸਲਾਟ ਵਿੱਚ ਪਾ ਸਕਦੇ ਹੋ। 3 ਜੁਲਾਈ, 2025 ਨੂੰ ਅੱਧੀ ਰਾਤ ਤੋਂ ਬਾਅਦ ਪ੍ਰਾਪਤ ਹੋਈਆਂ ਅਦਾਇਗੀਆਂ ਨੂੰ ਦੇਰ ਨਾਲ ਕੀਤਾ ਗਿਆ ਮੰਨਿਆ ਜਾਵੇਗਾ।

## ਪ੍ਰਾਪਰਟੀ ਟੈਕਸ ਬਾਰੇ ਰਿਮਾਇੰਡਰ

ਕੀ ਤੁਹਾਡਾ ਡਾਕ ਪਤਾ ਬਦਲ ਗਿਆ ਹੈ? ਕੀ ਤੁਸੀਂ ਇੱਕ ਤੋਂ ਵੱਧ ਸੰਪਤੀ ਦੇ ਮਾਲਕ ਹੋ? ਇਸ ਵੈੱਬਸਾਈਟ ‘ਤੇ ਆਪਣਾ ਪਤਾ ਅੱਪਡੇਟ ਕਰੋ: **bcassessment.ca/update**

### ਆਪਣੀ ਘਰ ਦੇ ਮਾਲਕ ਦੀ ਗ੍ਰਾਂਟ (HOME OWNER GRANT) ਦਾ ਦਾਅਵਾ ਕਰੋ

ਆਪਣੀ ਗ੍ਰਾਂਟ ਦੀ ਅਰਜ਼ੀ ਇਸ ਵੈੱਬਸਾਈਟ ‘ਤੇ ਸੂਬੇ ਕੋਲ ਜਮ੍ਹਾਂ ਕਰੋ: **gov.bc.ca/homeownergrant**

ਮਦਦ ਲਈ, ਸੂਬੇ ਨੂੰ ਕਾਲ ਕਰੋ: **1-888-355-2700**

ਤੁਹਾਨੂੰ ਗ੍ਰਾਂਟ ਲਈ ਅਰਜ਼ੀ ਸਫਲਤਾ ਨਾਲ ਜਮ੍ਹਾਂ ਹੋਣ ਦੀ ਪੁਸ਼ਟੀ ਮਿਲਣ ਤੋਂ ਬਾਅਦ, ਤੁਹਾਡੇ ਪ੍ਰਾਪਰਟੀ ਟੈਕਸ ਖਾਤੇ ਨੂੰ ਅੱਪਡੇਟ ਕਰਨ ਵਿੱਚ 3-4 ਦਿਨ ਲੱਗ ਸਕਦੇ ਹਨ। ਦੇਰੀ ਦੇ ਜੁਰਮਾਨੇ ਤੋਂ ਬਚਣ ਲਈ, ਪ੍ਰਾਪਰਟੀ ਟੈਕਸ ਦੀ ਨਿਯਤ ਮਿਤੀ ਤੋਂ ਪਹਿਲਾਂ ਬਕਾਇਆ (ਤੁਹਾਡੀ ਯੋਗ ਗ੍ਰਾਂਟ ਰਕਮ ਨੂੰ ਘਟਾ ਕੇ) ਦਾ ਭੁਗਤਾਨ ਕਰੋ।

### ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ

ਸੂਬੇ ਦਾ ਪ੍ਰਾਪਰਟੀ ਟੈਕਸ ਮੁਲਤਵੀ ਪ੍ਰੋਗਰਾਮ (Property Tax Deferment Program) ਇੱਕ ਘੱਟ ਵਿਆਜ ਵਾਲਾ ਸੂਬਾਈ ਲੋਨ ਪ੍ਰੋਗਰਾਮ ਹੈ ਜੋ B.C. ਦੇ ਯੋਗਤਾ ਪ੍ਰਾਪਤ ਘਰਾਂ ਦੇ ਮਾਲਕਾਂ ਨੂੰ ਉਹਨਾਂ ਦਾ ਸਲਾਨਾ ਪ੍ਰਾਪਰਟੀ ਟੈਕਸ ਅਦਾ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਇਸ ਵੈੱਬਸਾਈਟ ‘ਤੇ ਹੋਰ ਜਾਣੋ: **gov.bc.ca/propertytaxdeferment**

ਆਮ ਪੁੱਛ-ਗਿਛ ਲਈ, ਕਿਰਪਾ ਕਰਕੇ ਈਮੇਲ ਕਰੋ: **taxdeferment@gov.bc.ca**

## ਸਾਡਾ ਪਤਾ ਬਦਲ ਗਿਆ ਹੈ!

ਰੇਵੇਨਿਊ ਸੇਵਾਵਾਂ ਅਸਥਾਈ ਤੌਰ ‘ਤੇ 515 W. 10th Ave. (ਸਿਟੀ ਹਾਲ ਦੇ ਉੱਤਰ ਵਿੱਚ ਇੱਕ ਬਲਾਕ) ‘ਤੇ ਸਥਿਤ ਹਨ।




ਦਿਸ਼ਾ ਨਿਰਦੇਸ਼ ਪ੍ਰਾਪਤ ਕਰੋ: **vancouver.ca/city-hall-locations**

- **ਪ੍ਰਾਪਰਟੀ ਟੈਕਸ**
  ਵਿਅਕਤੀਗਤ ਅਦਾਇਗੀ ਅਤੇ ਪੁੱਛ-ਗਿਛ।
- **ਖਾਲੀ ਘਰਾਂ ‘ਤੇ ਟੈਕਸ** (EMPTY HOMES TAX)
  ਅਪਾਇੰਟਮੈਂਟ ਵਿੱਚ ਹਾਜ਼ਰ ਹੋਣ ਲਈ 515 W. 10th Ave ‘ਤੇ ਜਾਓ ਜਦੋਂ ਤੱਕ ਕਿਸੇ ਸਟਾਫ਼ ਮੈਂਬਰ ਨੇ ਤੁਹਾਨੂੰ ਸਿਟੀ ਹਾਲ ਵਿਖੇ ਮਿਲਣ ਲਈ ਨਹੀਂ ਕਿਹਾ ਹੈ।
- **ਉਪਯੋਗਤਾ ਦਾ ਬਿੱਲ**
- **ਬਾਇਲਾਅ ਜੁਰਮਾਨੇ**
- **ਪਰਮਿਟ ਅਤੇ ਲਾਇਸੰਸ**

For translations or more information, please visit: **vancouver.ca/property-tax**

有關翻譯文本或更多信息，請訪問: **vancouver.ca/property-tax**

如果需要参阅翻译文本或者是获得更多资讯，请浏览: **vancouver.ca/property-tax**

Para sa mga salin sa Tagalog o para sa karagdagang impormasyon, bisitahin ang: **vancouver.ca/property-tax**

ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ: **vancouver.ca/property-tax**

Để có bản dịch hoặc biết thêm thông tin, xin vui lòng truy cập: **vancouver.ca/property-tax**

Para obtener traducciones o más información, visite: **vancouver.ca/property-tax**

© 2025 City of Vancouver | 25-113

**ਪ੍ਰਾਪਰਟੀ ਟੈਕਸ ਦੇਣ ਦੀ ਆਖਰੀ ਮਿਤੀ 3 ਜੁਲਾਈ 2025**



# ਪ੍ਰਾਪਰਟੀ ਟੈਕਸ 2025

ਈਮੇਲ ਦੁਆਰਾ ਟੈਕਸ ਨੋਟਿਸ ਪ੍ਰਾਪਤ ਕਰਨ ਲਈ ਸਾਈਨ-ਅੱਪ ਕਰੋ:

**vancouver.ca/property-services**

CITY OF VANCOUVER

# ਟੈਕਸਾਂ ਅਤੇ ਉਪਯੋਗਤਾ ਫ਼ੀਸਾਂ ਦਾ 53% ਵੈਨਕੂਵਰ ਸਿਟੀ ਕੋਲ ਜਾਂਦਾ ਹੈ

ਬਾਕੀ ਕਿੱਥੇ ਜਾਂਦਾ ਹੈ? ਪ੍ਰਾਪਰਟੀ ਟੈਕਸ ਅਤੇ ਉਪਯੋਗਤਾ ਫ਼ੀਸਾਂ ਦਾ ਲਗਭਗ 47 ਪ੍ਰਤਿਸ਼ਤ ਖੇਤਰੀ ਸੇਵਾਵਾਂ, ਸਕੂਲਾਂ, ਆਵਾਜਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਗੰਦੇ ਪਾਣੀ ਦੇ ਇਲਾਜ ਨੂੰ ਫੰਡ ਦਿੰਦਾ ਹੈ। ਇਹ ਖਰਚੇ ਸਿਟੀ ਦੁਆਰਾ ਵਸੂਲੇ ਜਾਂਦੇ ਹਨ।

ਇਸ ਸਾਲ, ਉਪਯੋਗਤਾ ਫ਼ੀਸਾਂ ਵਿੱਚ 18.2% ਦਾ ਵਾਧਾ ਹੋਇਆ ਹੈ, ਜੋ ਮੁੱਖ ਤੌਰ ‘ਤੇ ਮੈਟਰੋ ਵੈਨਕੂਵਰ ਦੁਆਰਾ ਨੌਰਥ ਸ਼ੋਰ ਵੇਸਟਵਾਟਰ ਟ੍ਰੀਟਮੈਂਟ ਸਹੂਲਤ ਨਾਲ ਜੁੜੇ ਖਰਚਿਆਂ ਲਈ ਸੀਵਰ ਚਾਰਜਾਂ ਵਿੱਚ 50% ਵਾਧੇ ਕਾਰਨ ਹੋਇਆ ਹੈ।

ਇਸ ਵੈੱਬਸਾਈਟ ‘ਤੇ ਵਧੇਰੇ ਜਾਣਕਾਰੀ ਲਵੋ: **vancouver.ca/property-tax**




47%
- ਸੂਬਾਈ ਸਕੂਲ ਟੈਕਸ
- ਮੈਟਰੋ ਵੈਨਕੂਵਰ ਰੀਜਨਲ ਡਿਸਟ੍ਰਿਕਟ (ਟੈਕਸ ਅਤੇ ਸਹੂਲਤਾਂ)
- ਟ੍ਰਾਂਸਲਿੰਕ
- BC ਅਸੈਸਮੈਂਟ ਐਂਡ ਮਿਉਨਿਸਿਪਲ ਫਾਇਨਾਂਸ ਅਥਾਰਟੀ

53%
- ਵੈਨਕੂਵਰ ਸਿਟੀ (ਟੈਕਸ ਅਤੇ ਸਹੂਲਤਾਂ)

## ਤੁਹਾਡੇ ਸਿਟੀ ਟੈਕਸ ਕਿੱਥੇ ਜਾਂਦੇ ਹਨ

ਤੁਹਾਡੇ ਟੈਕਸ ਬਿੱਲ ਦਾ ਲਗਭਗ ਅੱਧਾ ਹਿੱਸਾ ਵੈਨਕੂਵਰ ਸਿਟੀ ਨੂੰ ਜਾਂਦਾ ਹੈ। ਟੈਕਸ ਜ਼ਰੂਰੀ ਸੇਵਾਵਾਂ ਜਿਵੇਂ ਕਿ ਅੱਗ ਅਤੇ ਪੁਲਿਸਿੰਗ, ਲਾਇਬ੍ਰੇਰੀ ਸੇਵਾਵਾਂ, ਪਾਰਕ ਦਾ ਰੱਖ-ਰਖਾਅ ਅਤੇ ਮਨੋਰੰਜਨ ਪ੍ਰੋਗਰਾਮਾਂ ਨੂੰ ਫੰਡ ਦਿੰਦੇ ਹਨ। ਇਹ ਤੁਹਾਡੇ 2025 ਪ੍ਰਾਪਰਟੀ ਟੈਕਸ ਦੀ ਸੂਚਨਾ ‘ਤੇ “ਜਨਰਲ ਲੇਵੀ” ਲਾਈਨ ਹੈ।

## ਸਿਟੀ ਦੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼

ਸੇਵਾਵਾਂ ਤੋਂ ਇਲਾਵਾ, ਪ੍ਰਾਪਰਟੀ ਟੈਕਸ ਪੂੰਜੀ ਨਿਵੇਸ਼ਾਂ ਨੂੰ ਫੰਡ ਦਿੰਦੇ ਹਨ ਜਿੱਥੇ ਤੁਹਾਡੇ ਟੈਕਸ ਬਿੱਲ ਦਾ 1% ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ ਨਵੀਂ ਫੰਡਿੰਗ ਵਾਸਤੇ ਸਮਰਪਿਤ ਹੈ। ਇਸ ਵਿੱਚ ਸੀਵਰ ਅਤੇ ਪਾਣੀ ਦੀਆਂ ਪਾਈਪਾਂ, ਸੜਕਾਂ, ਪੁਲਾਂ, ਕਮਿਊਨਿਟੀ ਸੈਂਟਰਾਂ, ਖੇਡ ਦੇ ਮੈਦਾਨਾਂ ਅਤੇ ਫਾਇਰ ਹਾਲਾਂ ਵਰਗੇ ਜ਼ਰੂਰੀ ਬੁਨਿਆਦੀ ਢਾਂਚੇ ਦਾ ਨਵੀਨੀਕਰਨ ਅਤੇ ਵਿਸਤਾਰ ਸ਼ਾਮਲ ਹੈ।

ਸਿਟੀ ਨਵੇਂ ਬੁਨਿਆਦੀ ਢਾਂਚੇ ਦੀ ਸਪੁਰਦਗੀ ਨੂੰ ਤੇਜ਼ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਿਹਾ ਹੈ ਕਿ ਉਹਨਾਂ ਨਿਵੇਸ਼ਾਂ ਨੂੰ ਕੁਸ਼ਲਤਾ ਨਾਲ ਪੂਰਾ ਕੀਤਾ ਜਾਵੇ। 2024 ਵਿੱਚ, ਸਿਟੀ ਨੇ ਪੂੰਜੀ ਪ੍ਰੋਜੈਕਟਾਂ ਲਈ ਰੱਖੇ ਗਏ ਪੈਸੇ ਦਾ 98% ਸਫਲਤਾਪੂਰਵਕ ਖਰਚ ਕੀਤਾ, ਜੋ ਕਿ ਪਿਛਲੇ ਸਾਲਾਂ ਵਿੱਚ 63% ਸੀ। ਕਾਉਂਸਿਲ ਨੇ 2025 ਲਈ $880 ਮਿਲੀਅਨ ਦੇ ਪੂੰਜੀਗਤ ਖਰਚੇ ਦੇ ਬਜਟ ਨੂੰ ਮਨਜ਼ੂਰੀ ਦਿੱਤੀ।

ਤੁਸੀਂ ਸੱਜੇ ਪਾਸੇ ਪੂੰਜੀ ਖਰਚ ਦਾ ਵਿਵਰਣ ਦੇਖ ਸਕਦੇ ਹੋ ਅਤੇ ਇਸ ਵੈੱਬਸਾਈਟ ‘ਤੇ ਚੱਲ ਰਹੇ ਪੂੰਜੀ ਪ੍ਰੋਜੈਕਟਾਂ ਬਾਰੇ ਹੋਰ ਪੜ੍ਹ ਸਕਦੇ ਹੋ: **vancouver.ca/capital-projects**

## ਸਿਟੀ ਟੈਕਸ ਰਾਹਤ

ਸਿਟੀ ਦੇ ਪ੍ਰਾਪਰਟੀ ਟੈਕਸ ਰਾਹਤ ਪ੍ਰੋਗਰਾਮ ਪੇਸ਼ ਕਰਦੀ ਹੈ:

### ਟੀਚਾਬੱਧ ਜ਼ਮੀਨ ਦੇ ਮੁਲਾਂਕਣ ਦਾ ਔਸਤ ਕੱਢਣਾ

ਯੋਗ ਰਿਹਾਇਸ਼ੀ (ਕਲਾਸ 1), ਹਲਕੇ ਉਦਯੋਗ (ਕਲਾਸ 5) ਅਤੇ ਹੋਰ (ਕਲਾਸ 6) ਪ੍ਰਾਪਰਟੀਆਂ ਲਈ ਮੁਲਾਂਕਣ ਅਸਥਿਰਤਾ ਨੂੰ ਸੰਬੋਧਿਤ ਕਰਦਾ ਹੈ।

ਹੋਰ ਜਾਣੋ: **vancouver.ca/averaging**

### ਵਿਕਾਸ ਸਮਰੱਥਾ ਰਾਹਤ ਪ੍ਰੋਗਰਾਮ ਪਾਇਲਟ

ਯੋਗ **ਹਲਕੇ ਉਦਯੋਗ** (ਕਲਾਸ 5) ਅਤੇ **ਵਪਾਰ ਅਤੇ ਹੋਰ** (ਕਲਾਸ 6) ਸੰਪਤੀਆਂ ਲਈ ਅਸਾਧਾਰਨ ਵਿਕਾਸ ਸੰਭਾਵਨਾਵਾਂ ਨੂੰ ਸੰਬੋਧਿਤ ਕਰਦਾ ਹੈ।

ਹੋਰ ਜਾਣੋ: **vancouver.ca/tax-relief**

## 2025 ਪੂੰਜੀਗਤ ਖਰਚ (ਸ਼੍ਰੇਣੀ ਅਨੁਸਾਰ)




| | | |
|---|---|---|
| ਵਨ ਵਾਟਰ (One Water): ਪੀਣ ਵਾਲਾ ਪਾਣੀ, ਮੀਂਹ ਦਾ ਪਾਣੀ ਅਤੇ ਗੰਦਾ ਪਾਣੀ | $195M | 22% |
| ਸੜਕਾਂ | $184M | 21% |
| ਭਾਈਚਾਰਕ ਸਹੂਲਤਾਂ | $81M | 9% |
| ਕਲਾ, ਸੱਭਿਆਚਾਰ ਅਤੇ ਵਿਰਾਸਤ | $71M | 8% |
| ਰਿਹਾਇਸ਼ | $67M | 8% |
| ਪਾਰਕ ਅਤੇ ਜਨਤਕ ਖੁੱਲ੍ਹੀਆਂ ਥਾਵਾਂ | $55M | 6% |
| ਜਨਤਕ ਸੁਰੱਖਿਆ | $47M | 5% |
| ਤਕਨਾਲੋਜੀ | $40M | 5% |
| ਕੂੜਾ ਇਕੱਠਾ ਕਰਨਾ, ਡਾਇਵਰਸ਼ਨ ਅਤੇ ਨਿਪਟਾਰਾ | $40M | 5% |
| ਬਾਲ ਦੇਖਭਾਲ | $32M | 4% |
| ਨਾਗਰਿਕ ਸਹੂਲਤਾਂ ਅਤੇ ਉਪਕਰਨ | $30M | 3% |
| ਉਭਰਦੀਆਂ ਤਰਜੀਹਾਂ, ਸੰਕਟਕਾਲ ਅਤੇ ਪ੍ਰੋਜੈਕਟ ਡਿਲੀਵਰੀ | $20M | 2% |
| ਨਵਿਆਉਣ ਯੋਗ ਊਰਜਾ | $17M | 2% |